# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ
# ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

ਵੈਬਸਾਈਟ www.ssapunjab.org, ਈ-ਮੇਲ: iedpunjabssa@gmail.com, ਫੋਨ ਨੰ: 01762-5212313, 5212324


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ ਸੈ.ਸਿੱ.)
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/2019/੫੫੧੨੮-੧੭੧ ਮਿਤੀ: 06-02-19

ਵਿਸ਼ਾ:- **ਮਿਤੀ 07 ਫਰਵਰੀ, 2019 ਨੂੰ EDUSAT Network ਉੱਤੇ ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਵਿਦਿਆਰਥੀਆਂ ਨੂੰ ਪਸਸਬ ਵੱਲੋਂ ਦਿੱਤੀਆਂ ਜਾ ਰਹੀਆਂ relaxations ਸਬੰਧੀ ਦਿੱਤੇ ਗਏ Lecture ਦੇ Re-telecast ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 07 ਫਰਵਰੀ, 2019 ਨੂੰ ਐਜੂਸੈਟ ਨੈਟਵਰਕ ਰਾਹੀਂ ਐਜੂਸੈਟ ਦੀ ਸੁਵਿਧਾ ਵਾਲੇ ਸਕੂਲਾਂ ਵਿੱਚ ਦਿਵਿਯਾਂਗ ਵਿਦਿਆਰਥੀਆਂ ਨੂੰ ਹੇਠ ਲਿਖੇ ਵਿਸ਼ੇ 'ਤੇ ਟ੍ਰੇਨਿੰਗ ਦਿੱਤੀ ਜਾਵੇਗੀ:-

| Date | EDUSAT Period | Time | Topic | Resource Person | Target audience |
|---|---|---|---|---|---|
| 07.02.2019 | 7th | 02:00PM to 02:40PM | Concession & Relaxations in Examination given to children with special needs by Punjab School Education Board | Dr. Sunil Behl, Principal, GSSS Behloor Kalan, SBS Nagar | All School Teachers, CHTs, HTs |

3. ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਸਕੂਲ ਮੁਖੀਆਂ (ਪ੍ਰਾਇਮਰੀ/ਮਿਡਲ/ਹਾਈ/ਸੀਨੀ.ਸੈਕੰ.) ਨੂੰ ਹਦਾਇਤ ਕੀਤੀ ਜਾਵੇ ਕਿ ਉਕਤ ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਅਧਿਆਪਕਾਂ ਦਾ ਸਕੂਲ ਦੇ ਐਜੂਸੈਟ ਜਾਂ ਨੇੜੇ ਦੇ ਸਕੂਲ ਦੇ ਐਜੂਸੈਟ ਰਾਹੀਂ ਭਾਗ ਲੈਣਾ ਯਕੀਨੀ ਬਣਾਇਆ ਜਾਵੇ। ਪਰੰਤੂ ਇਹ ਧਿਆਨ ਰਹੇ ਕਿ ਹਰ ਸਕੂਲ ਵਿੱਚੋ ਘੱਟੋ-ਘੱਟ ਇੱਕ ਅਧਿਆਪਕ ਟ੍ਰੇਨਿੰਗ ਵਿੱਚ ਸ਼ਾਮਲ ਹੋਵੇ ਅਤੇ ਇੱਕ ਅਧਿਆਪਕ ਸਕੂਲ ਵਿੱਚ ਹੀ ਹਾਜ਼ਰ ਰਹੇ ਤਾਂ ਜੋ ਸਕੂਲ ਦੇ ਕੰਮ-ਕਾਜ ਵਿੱਚ ਵਿਘਨ ਨਾ ਪਵੇ।

4. ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ROT ਚਾਲੂ ਹਾਲਤ ਵਿੱਚ ਰੱਖੀਆਂ ਜਾਣ; ਜੇਕਰ ਕਿਸੇ ਕਾਰਨ ਕਰਕੇ ਸਕੂਲ ਦੀ ਆਰ.ਓ.ਟੀ. ਚਾਲੂ ਹਾਲਤ ਵਿੱਚ ਨਹੀਂ ਹੈ ਤਾਂ ਅਜਿਹੇ ਸਕੂਲਾਂ ਦੇ ਅਧਿਆਪਕ ਆਪਣੇ ਨੇੜਲੇ ਸਕੂਲ ਦੇ ਐਜੂਸੈਟ ਰਾਹੀਂ ਇਹ ਟ੍ਰੇਨਿੰਗ ਅਟੈਂਡ ਕਰਨਗੇ।

ਪਰਤੋ ਜੀ...

5. ਉਕਤ ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਸਕੂਲਾਂ ਦੇ ਅਧਿਆਪਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਅਤੇ (ਸੈ.ਸਿੱ.) ਪੂਰਣ ਆਪਸੀ ਤਾਲ-ਮੇਲ ਅਤੇ ਸਹਿਯੋਗ ਨਾਲ ਕੰਮ ਕਰਨਗੇ।

6. ਟ੍ਰੇਨਿੰਗ ਤੋਂ ਬਾਅਦ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਇਹ ਸੂਚਨਾ ਭੇਜਣਾ ਯਕੀਨੀ ਬਨਾਉਣਗੇ ਕਿ ਕਿੰਨੇ ਸਕੂਲਾਂ ਦੇ ਕਿੰਨੇ ਅਧਿਆਪਕਾਂ ਨੇ ਇਹ ਟ੍ਰੇਨਿੰਗ ਅਟੈਂਡ ਕੀਤੀ।

7. ਜੇਕਰ ਕਿਸੇ ਅਧਿਆਪਕ ਨੂੰ ਟ੍ਰੇਨਿੰਗ ਤੋਂ ਬਾਅਦ ਕੋਈ ਸਵਾਲ ਜਾਂ ਸੁਝਾਅ ਹੋਵੇ ਤਾਂ ਹੇਠ ਦਿੱਤੇ ਈ-ਮੇਲ ਆਈ.ਡੀ. 'ਤੇ ਡਾ. ਸੁਨੀਲ ਬਹਿਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ। <drsunilbehl1968@gmail.com>

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਮੱਗਰ ਸਿੱਖਿਆ ਅਭਿਆਨ
ਪੰਜਾਬ।

ਪਿੱਠ ਅੰਕਣ ਨੰ: ਆਈ.ਈ.ਡੀ./ਸਸਅ/2019/55177,78,79 ਮਿਤੀ: 06-02-19

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਮਾਣਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ
2. ਡਿਪਟੀ ਐਸ.ਪੀ.ਡੀ. (ਐਜੂਸੈਟ)
3. ਸਮੂਹ ਸਕੂਲ ਮੁਖੀ, ਪੰਜਾਬ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਮੱਗਰ ਸਿੱਖਿਆ ਅਭਿਆਨ
ਪੰਜਾਬ।